## ਪਾਠ-12

## ਸ਼ਾਬਾਸ਼ ! ਸੁਮਨ (ਲੇਖਕ-ਤਰਸੇਮ)

# 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਗਰਮੀਆਂ ਦੇ ਮੌਸਮ ਵਿਚ ਪਹਾੜਾਂ ਉੱਤੇ ਸੈਲਾਨੀਆਂ ਦੀ ਭਰਮਾਰ ਕਿਉਂ ਹੁੰਦੀ ਹੈ?**
ਉੱਤਰ : ਗਰਮੀਆਂ ਦੇ ਮੌਸਮ ਵਿਚ ਪਹਾੜਾਂ ਉੱਤੇ ਸੁਹਾਵਣਾ ਮੌਸਮ, ਠੰਡੀਆਂ ਹਵਾਵਾਂ ਅਤੇ ਕੁਦਰਤ ਦੇ ਮਨਮੋਹਕ ਦ੍ਰਿਸ਼ਾਂ ਕਾਰਨ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ।

**ਪ੍ਰਸ਼ਨ ਅ. ਕਰਨ ਤੇ ਸੁਮਨ ਨੇ ਦੂਰਬੀਨ ਨਾਲ਼ ਕੀ ਕੁਝ ਦੇਖਿਆ?**
ਉੱਤਰ : ਕਰਨ ਨੇ ਦੂਰਬੀਨ ਨਾਲ਼ ਪਹਾੜਾਂ ਉੱਤੇ ਸੋਹਣੇ ਰੁੱਖ, ਪੰਛੀ, ਅਕਾਸ਼ ਤੇ ਇਕ-ਦੂਜੇ ਦੇ ਪਿੱਛੇ ਭੱਜਦੇ ਕੱਲੇ-ਚਿੱਟੇ ਬੱਦਲ ਦੇਖੇ।

**ਪ੍ਰਸ਼ਨ ੲ. ਪਹਾੜ ਤੋਂ ਹੇਠਾਂ ਉੱਤਰਦਿਆਂ ਕਰਨ ਤੇ ਸੁਮਨ ਨੇ ਕੀ ਕੁਝ ਦੇਖਿਆ?**
ਉੱਤਰ : ਪਹਾੜ ਤੋਂ ਹੇਠਾਂ ਉੱਤਰਦਿਆਂ ਕਰਨ ਤੇ ਸੁਮਨ ਨੇ ਦਾਣਾ ਚੁੱਗਦੇ ਕਬੂਤਰ, ਪਿੰਜਰੇ 'ਚ ਕੈਦ ਤੋਤਾ ਅਤੇ ਟਪੂਸੀਆਂ ਮਾਰਦੇ ਬਾਂਦਰ ਦੇਖੇ।

**ਪ੍ਰਸ਼ਨ ਸ. ਤੋਤੇ ਨੂੰ ਪਿੰਜਰੇ ਵਿਚ ਦੇਖ ਕੇ ਸੁਮਨ ਨੇ ਕੀ ਮਹਿਸੂਸ ਕੀਤਾ?**
ਉੱਤਰ : ਤੋਤੇ ਨੂੰ ਪਿੰਜਰੇ ਵਿਚ ਦੇਖ ਕੇ ਸੁਮਨ ਨੇ ਮਹਿਸੂਸ ਕੀਤਾ ਕਿ ਤੋਤਾ ਅਜ਼ਾਦ ਹੋਣਾ ਚਾਹੁੰਦਾ ਹੈ।

**ਪ੍ਰਸ਼ਨ ਹ. ਖਿਡੌਣਿਆਂ ਵਾਲ਼ਾ ਬੱਚਿਆਂ ਨੂੰ ਕਿਹੜੇ-ਕਿਹੜੇ ਖਿਡੌਣੇ ਦਿਖਾ ਰਿਹਾ ਸੀ?**
ਉੱਤਰ : ਖਿਡੌਣਿਆਂ ਵਾਲ਼ਾ ਬੱਚਿਆਂ ਨੂੰ ਘੋੜਾ, ਹਾਥੀ, ਸ਼ੇਰ, ਵਰਦੀ ਵਾਲ਼ਾ ਫੌਜ਼ੀ, ਟੋਪੀ ਵਾਲ਼ਾ ਨੇਤਾ, ਚਾਬੀ ਵਾਲ਼ਾ ਬਾਂਦਰ, ਮਿੱਠੂ ਰਾਮ ਤੋਤਾ ਤੇ ਹਲ ਚੁੱਕੀ ਜਾਂਦੇ ਕਿਰਸਾਨ ਆਦਿ ਖਿਡੌਣੇ ਦਿਖਾ ਰਿਹਾ ਸੀ।



**ਪ੍ਰਸ਼ਨ ਕ. ਸੁਮਨ ਖਿਡੌਣੇ ਕਿਉਂ ਨਹੀਂ ਸੀ ਖ਼ਰੀਦਣਾ ਚਾਹੁੰਦੀ?**
ਉੱਤਰ : ਸੁਮਨ ਖਿਡੌਣੇ ਨਾ ਖ਼ਰੀਦ ਕੇ ਪਿੰਜਰੇ ਵਾਲ਼ਾ ਤੋਤਾ ਖ਼ਰੀਦਣਾ ਚਾਹੁੰਦੀ ਸੀ।

**ਪ੍ਰਸ਼ਨ ਖ. ਸੁਮਨ ਤੋਤੇ ਨੂੰ ਕਿਉਂ ਖ਼ਰੀਦਣਾ ਚਾਹੁੰਦੀ ਸੀ?**
ਉੱਤਰ : ਸੁਮਨ ਤੋਤੇ ਨੂੰ ਖ਼ਰੀਦ ਕੇ ਉਸ ਨੂੰ ਉਸ ਨੂੰ ਅਜ਼ਾਦ ਕਰਨਾ ਚਾਹੁੰਦੀ ਸੀ।

**ਪ੍ਰਸ਼ਨ 8. ਸੁਮਨ ਦੇ ਪਿਤਾ ਜੀ ਨੇ 'ਸ਼ਾਬਾਸ਼! ਸੁਮਨ' ਕਿਉਂ ਕਿਹਾ?**
ਉੱਤਰ : ਤੋਤੇ ਨੂੰ ਪਿੰਜਰੇ 'ਚੋਂ ਅਜ਼ਾਦ ਕਰਨ ਕਰਕੇ ਉਸ ਦੇ ਪਿਤਾ ਨੇ ਕਿਹਾ 'ਸ਼ਾਬਾਸ਼! ਸੁਮਨ'।

# 2. ਔਖੇ ਸ਼ਬਦਾਂ ਦੇ ਅਰਥ

| | | |
|---|---|---|
| ਸਹਾਵਣਾ | : | ਸੋਹਣਾ ਲੱਗਣ ਵਾਲ਼ਾ |
| ਸੈਲਾਨੀ | : | ਸੈਰ ਸਪਾਟਾ ਕਰਨ ਵਾਲ਼ਾ ਜਾਂ ਦੇਸ-ਵਿਦੇਸ਼ ਘੁੰਮਣ ਵਾਲ਼ਾ |
| ਨਜ਼ਾਰੇ | : | ਦ੍ਰਿਸ਼ |
| ਉਤਸੁਕਤਾ | : | ਜਾਣਨ ਦੀ ਇੱਛਾ |
| ਪਰਿੰਦੇ | : | ਪੰਛੀ, ਜਾਨਵਰ |
| ਦੂਰਬੀਨ | : | ਦੂਰ ਦੀਆਂ ਚੀਜ਼ਾਂ ਨੂੰ ਦੇਖਣ ਵਾਲ਼ਾ ਯੰਤਰ |
| ਭਰਮਾਰ | : | ਬਹੁਤਾਤ, ਬਹੁਤ ਜਿਆਦਾ |
| ਸੁਨਹਿਰੀ | : | ਸੋਨੇ-ਰੰਗਾ |
| ਲੋਚਦਾ | : | ਚਾਹੁੰਦਾ |
| ਸੰਕੇਤ | : | ਇਸ਼ਾਰਾ |
| ਦੁੜੰਗੇ | : | ਟਪੂਸੀਆਂ ਜਾਂ ਛਾਲਾਂ ਮਾਰਨੀਆਂ |

# 3. ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:

1. **ਅਜੀਬ (ਹੈਰਾਨ ਕਰਨ ਵਾਲੀ)–** ਦਾਦੀ ਜੀ ਨੇ ਰਾਤ ਨੂੰ ਬਹੁਤ ਅਜੀਬ ਕਹਾਣੀ ਸੁਣਾਈ।
2. **ਆਪਮੁਹਾਰੇ (ਬੇਕਾਬੂ)–** ਆਪ-ਮੁਹਾਰੇ ਬੱਚੇ ਸ਼ਰਾਰਤੀ ਹੁੰਦੇ ਹਨ।
3. **ਮਸਤੀ (ਖ਼ੁਮਾਰੀ)–** ਮੋਰ ਮੀਂਹ ਆਉਣ 'ਤੇ ਮਸਤੀ ਵਿਚ ਨੱਚ ਰਿਹਾ ਸੀ।
4. **ਝੁਰਮਟ (ਜੀਵਾਂ ਦਾ ਇਕੱਠ)–** ਅਕਾਸ਼ ਵਿਚ ਚਿੜੀਆਂ ਦਾ ਝੁਰਮਟ ਉੱਡ ਰਿਹਾ ਸੀ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

5. **ਅਚਨਚੇਤ (ਅਚਾਨਕ)–** ਅਚਾਨਕ ਹੀ ਤੇਜ਼ ਹਨ੍ਹੇਰੀ ਚੱਲਣ ਲੱਗੀ।
6. **ਡਾਰ (ਕਤਾਰ)–** ਪੰਛੀ ਸ਼ਾਮ ਨੂੰ ਡਾਰਾਂ ਬਣਾ ਕੇ ਘਰਾਂ ਨੂੰ ਵਾਪਸ ਮੁੜਦੇ ਹਨ।
7. **ਅਕਾਸ਼ (ਅਸਮਾਨ)–** ਅੱਜ ਅਕਾਸ਼ ਸਾਫ਼ ਹੈ।
8. **ਖੱਡ (ਪਹਾੜ ਦੇ ਪੈਰਾਂ ਵਿਚ ਡੂੰਘੀ ਥਾਂ)–** ਪਹਾੜਾਂ ਦਾ ਪਾਣੀ ਡੂੰਘੀ ਖੱਡ ਵਿਚ ਡਿੱਗ ਰਿਹਾ ਸੀ।

## 4. ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ :

1. **"ਆਹਾ! ਕਿੰਨੇ ਸੋਜਣੇ ਬਿਰਖ, ਬਿਰਖਾਂ 'ਤੇ ਤਰ੍ਹਾਂ-ਤਰ੍ਹਾਂ ਦੇ ਪੰਛੀ।"**
   ਉੱਤਰ : ਕਰਨ ਨੇ ਆਪਣੀ ਭੈਣ ਸੁਮਨ ਨੂੰ ਕਹੇ।
2. **"ਬੁੱਧੂ! ਬਿਰਖ ਅਕਾਸ਼ 'ਤੇ ਨਹੀਂ ਧਰਤੀ 'ਤੇ ਹੁੰਦੇ ਹਨ।"**
   ਉੱਤਰ : ਸੁਮਨ ਨੇ ਆਪਣੀ ਭਰਾ ਕਰਨ ਨੂੰ ਕਹੇ।
3. **"ਗੰਗਾ ਰਾਮ! ਚੂਰੀ ਖਾਣੀ ਐ।"**
   ਉੱਤਰ : ਭੀੜ 'ਚੋਂ ਇਕੱ ਬੰਦੇ ਨੇ ਤੋਤੇ ਨੂੰ ਕਹੇ।
4. **"ਮੰਮੀ ਜੀ! ਸੱਚ-ਮੁੱਚ ਦੋ ਰੱਬ ਹਨ।"**
   ਉੱਤਰ : ਸੁਮਨ ਨੇ ਮੰਮੀ ਜੀ ਨੂੰ ਕਹੇ।
5. **"ਨਹੀਂ ਮੰਮੀ, ਮੈਂ ਖਿਡੌਣਾ ਨਹੀਂ ਲੈਣਾ।"**
   ਉੱਤਰ : ਸੁਮਨ ਨੇ ਮੰਮੀ ਜੀ ਨੂੰ ਕਹੇ।

## 5. ਹੇਠ ਲਿਖੇ ਪੈਰੇ ਵਿਚੋਂ ਕਿਰਿਆ-ਸ਼ਬਦ ਚੁਣ ਕੇ ਲਿਖੋ ਤੇ ਵਾਕਾਂ ਦਾ ਕਾਲ ਵੀ ਲਿਖੋ।

ਗਰਮੀਆਂ ਵਿੱਚ ਪਹਾੜਾਂ ਦਾ ਮੌਸਮ ਬੜਾ ਸੁਹਾਵਣਾ ਹੁੰਦਾ ਹੈ। ਪਹਾੜਾਂ ਦੀਆਂ ਠੰਢੀਆਂ ਹਵਾਵਾਂ ਤਨ-ਮਨ ਨੂੰ ਠਾਰਦੀਆਂ ਹਨ। ਜਦੋਂ ਤੇਜ਼ ਹਵਾ ਚੱਲਦੀ ਹੈ ਤਾਂ ਰੁੱਖ ਇਸ ਤਰਾਂ ਜ਼ੋਰ-ਜ਼ੋਰ ਨਾਲ ਝੂਮਦੇ ਹਨ, ਜਿਵੇਂ ਕਿਸੇ ਚੁਟਕਲੇ ਨੂੰ ਸੁਣ ਕੇ ਬੰਦਾ ਹੱਸ-ਹੱਸ ਕੇ ਦੂਹਰਾ-ਤੀਹਰਾ ਹੋ ਜਾਂਦਾ ਹੈ। ਪਹਾੜ ਹਰ ਕੋਈ ਦੇਖਣਾ ਚਾਹੁੰਦਾ ਹੈ ਅਤੇ ਇਹ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਉੱਚੇ-ਲੰਮੇ ਅਤੇ ਚੌੜੇ ਪਹਾੜਾਂ ਦਾ ਲਹਿਰੀਆ ਦੇਖ ਕੇ ਕਰਨ ਬਹੁਤ ਖੁਸ਼ ਹੋ ਰਿਹਾ ਸੀ ।

- **ਵਰਤਮਾਨ ਕਾਲ :** ਹੁੰਦਾ ਹੈ, ਠਾਰਦੀਆਂ ਹਨ, ਚਲਦੀ ਹੈ, ਝੂੰਮਦੇ ਹਨ, ਹੋ ਜਾਂਦਾ ਹੈ, ਚਾਹੁੰਦਾ ਹੈ, ਲੱਗਦੇ ਹਨ
- **ਭੂਤਕਾਲ :**ਹੋ ਰਿਹਾ ਹੈ।

## 6. ਵਿਆਕਰਨ :

**ਕਿਰਿਆ ਦੀ ਤੀਜੀ ਪ੍ਰਕਾਰ ਦੀ ਵੰਡ :**
**ਬਣਤਰ ਦੇ ਅਧਾਰ 'ਤੇ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।**

1. **ਇਕਹਰੀ ਕਿਰਿਆ :** ਵਾਕ ਵਿਚ ਇਕ-ਸ਼ਬਦੀ ਕਿਰਿਆ ਨੂੰ ਇਕਹਰੀ ਕਿਰਿਆ ਕਿਹਾ ਜਾਂਦਾ ਹੈ; ਜਿਵੇਂ :- ਰਾਸਤੇ ਵਿਚ ਇੱਕ ਛੋਟੀ ਜਿਹੀ ਪਹਾੜੀ **ਆਈ**।
2. **ਸੰਯੁਕਤ ਕਿਰਿਆ :** ਵਾਕ ਵਿਚ ਬਹੁ-ਸ਼ਬਦੀ ਕਿਰਿਆ ਨੂੰ ਸੰਯੁਕਤ ਕਿਰਿਆ ਕਿਹਾ ਜਾਂਦਾ ਹੈ; ਜਿਵੇਂ :- ਸੈਲਾਨੀ ਪਹਾਵਾਂ 'ਤੇ ਸੈਰ ਕਰਨ **ਜਾਂਦੇ** **ਰਹਿੰਦੇ** ਹਨ।

**ਕਿਰਿਆ ਦੀ ਚੌਥੀ ਪ੍ਰਕਾਰ ਦੀ ਵੰਡ :**
**ਕਾਰਜ ਦੇ ਅਧਾਰ ਤੇ ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।**

1. ਮੁੱਖ ਕਿਰਿਆ
2. ਸਹਾਇਕ ਕਿਰਿਆ

- ਸੁਮਨ ਨੇ ਪਿੰਜਰਾ ਡੂੰਘੀ ਖੱਡ ਵਿਚ **ਸੁੱਟਿਆ** (ਮੁੱਖ ਕਿਰਿਆ) **ਸੀ** (ਸਹਾਇਕ ਕਿਰਿਆ)।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**